# ਦੁਆ ਲਈ ਸਮਾਂ
## 1 ਥੱਸਲੁਨੀਕੀਆਂ 5:17

*ਨਿੱਤ ਪ੍ਰਾਰਥਨਾ ਕਰੋ (1 ਥੱਸਲੁਨੀਕੀਆਂ 5: 17)।*

ਬਾਈਬਲ ਵਿਚ ਕੁਝ ਹੋਰ ਕਰਨ ਦੀ ਬਜਾਇ ਦੁਆ ਕਰਨ ਦਾ ਹੁਕਮ ਜ਼ਿਆਦਾ ਹੈ। ਕਿਸੇ ਹੋਰ ਗੱਲ ਤੋਂ ਜ਼ਿਆਦਾ ਵਾਅਦੇ ਦੁਆ ਦੇ ਸਬੰਧ ਵਿਚ ਹਨ। ਦੁਆ ਕਰਨਾ ਦੁਆ ਕਰਨ ਨਾਲ ਹੀ ਆਉਂਦਾ ਹੈ। ਦੁਆ ਇਕ ਵਧੀਆ ਮੌਕਾ ਹੈ, ਅਤੇ ਮਸੀਹੀ ਲੋਕਾਂ ਲਈ ਮੁੱਖ ਅਹਿਮ ਕੰਮ। ਅਸੀਂ ਹੋਰ ਦੁਆ ਕਿਉਂ ਨਹੀਂ ਕਰਦੇ?

(1) ਅਸੀਂ ''ਇਸ ਵਿਚ ਵਧੀਆ'' ਨਹੀਂ ਹਾਂ। ਦੁਆ ਬੇਬੱਸ ਲੋਕਾਂ ਵਾਸਤੇ ਹੈ। ਇਹ ਨਿਚੋੜ ਕੱਢਣਾ ਕਿ ਦੂਜੇ ਲੋਕ ''ਕੁਦਰਤੀ ਤੌਰ ਤੇ ਦੁਆ ਕਰਨ ਵਾਲੇ ਹਨ'' ਪਰ ਅਸੀਂ ਨਹੀਂ, ਅਸਾਨ ਹੈ। *ਸਵਾਲ ਹੈ:* ''ਤੁਸੀਂ ਕਿਵੇਂ ਕਰ ਰਹੇ ਹੋ?'' ਮੈਂ ਅਕਸਰ ਦੁਆ ਬੋਲਦਾ ਹਾਂ; ਪਰ ਕੀ ਮੈਂ ਦੁਆ ਕਰਦਾ ਹਾਂ? ਤੁਸੀਂ ਦੁਆ ਬੋਲਦੇ ਹੋ ਜਾਂ ਦੁਆ ਕਰਦੇ ਹੋ? ਕੀ ਤੁਸੀਂ ਆਪਣੀ ਮਸੀਹੀ ਜ਼ਿੰਦਗੀ ਤੋਂ ਸੰਤੁਸ਼ਟ ਹੋ?

(2) ਅਸੀਂ ਦੁਆ ਕਰਨ ਦੀ ਯੋਜਨਾ ਨਹੀਂ ਬਣਾਉਂਦੇ। ਅਸੀਂ ਦੁਆ ਵਿਚ ਬਾਹਲੇ ਹੀ ਮਸਰੂਫ਼ ਹਾਂ। ਅਸਲ ਵਿਚ ਅਸੀਂ ਦੁਆ ਨਹੀਂ ਕਰਦੇ, ਕਿਉਂਕਿ ਦੁਆ ਦੀ ਥਾਂ ਕਿਸੇ ਹੋਰ ਨੂੰ ਦੇ ਦਿੱਤੀ ਗਈ ਹੈ। ਇੰਨੇ ਲੋਕ ਹਨ ਕਿ ਉਨ੍ਹਾਂ ਨੂੰ ਜਵਾਬ ਦੇਣਾ ਜ਼ਰੂਰੀ ਹੈ, ਕਿੰਨੇ ਜ਼ਖ਼ਮ ਹਨ ਕਿ ਉਨ੍ਹਾਂ ਨੂੰ ਚੰਗਾ ਕਰਨਾ ਜ਼ਰੂਰੀ ਹੈ। ਇਸ ਲਈ ਸਾਡੇ ਮੂਰਖ ਮਨ ਲਈ ਦੁਆ ਇਕ ਵਿਲਾਸਤਾ ਹੈ, ਨਾ ਕਿ ਲੋੜ। ਕਿੰਨਾਂ ਕਾਰਣਾਂ ਕਰਕੇ ਅਸੀਂ ਦੁਆ ਸਿਰਫ਼ ਉਦੋਂ ਕਰਦੇ ਹਾਂ ਜਦੋਂ ਕਿਸੇ ਪ੍ਰੋਗਰਾਮ ਵਿਚ ਹੁੰਦੇ ਹਾਂ ਜਾਂ ਕੰਮ ਤੋਂ ਦੂਰ ਦੁਆ ਪਹਾੜ੍ਹ ਤੇ ਵੀ ਕੀਤੀ ਜਾ ਸਕਦੀ ਹੈ; ਪਰ ਇਸ ਦੀ ਸਮਰਥਾ ਗਲੀ ਲਈ ਹੈ। ਦੁਆ ਕਰਨ ਦੀ ਯੋਜਨਾ ਬਣਾਉਣਾ ਜ਼ਰੂਰੀ ਹੈ। ਦੁਆ ਕਰਨ ਦੀ ਤਿਆਰੀ ਕਰਨੀ ਜ਼ਰੂਰੀ ਹੈ। ਦੁਆ ਕਰਨ ਦਾ ਸਮਾਂ ਕੱਢਣਾ ਜ਼ਰੂਰੀ ਹੈ। ਇਹ ਜਾਣਦੇ ਹੋਇਆਂ ਵੀ ਕਿ ਦੁਆ ਸਾਡੇ ਜੀਵਨਾਂ ਦਾ ਅਧਾਰ ਹੋਣੀ ਚਾਹੀਦੀ ਹੈ, ਅਸੀਂ ਇਸ ਨੂੰ ਕਰਨ ਲਈ ਸਮਾਂ ਨਹੀਂ ਕੱਢਦੇ। ਸਮਾਂ: ਇਕ ਹੋਰ ਵੱਡੀ ਗ਼ਲਤੀ ਕਰਦੇ ਹਾਂ: ਆਪਣੀ ਸਮੇਂ ਸਾਰਣੀ ਨੂੰ ਪਹਿਲ ਦੇਣਾ ਇਕ ਗੱਲ ਹੈ (ਗ਼ਲਤ); ਬਲਕਿ ਆਪਣੀਆਂ ਤਰਜੀਹਾਂ ਦੀ ਸਮੇਂ ਸਾਰਣੀ ਬਣਾਉਣੀ ਦੂਜ ਗੱਲ ਹੈ। ਜੇਕਰ ਤੁਸੀਂ ਕਿੰਨੇ ਵਿਅਸਤ ਹੋ ਕਿ ਤੁਸੀਂ ਦੁਆਵਾਂ ਨਹੀਂ ਕਰ ਸਕਦੇ, ਤਾਂ ਤੁਸੀਂ ਜਿਆਦਾ ਹੀ ਮਸਰੁਫ਼ ਹੋ ਗਏ ਹੋ।

(3) ਅਸੀਂ ਜ਼ਿਆਦਾ ਦੁਆ ਕਿਉਂ ਨਹੀਂ ਕਰਦੇ? ਪਹਿਲੀ ਗੱਲ ਜੋ ਸਭ ਤੋਂ ਮੁਸ਼ਕਿਲ ਅਤੇ ਅਹਿਮ ਹੈ, ਉਹ ਇਹ ਹੈ ਕਿ ਦੁਆ ਕਰਨ ਲਈ ਵਕਤ ਲਗਦਾ ਹੈ। ਸਿੱਧੀ ਜਿਹੀ ਗੱਲ ਹੈ? ਹਾਂ। ਅਸਾਨ? ਨਹੀਂ। ਇਸ ਤੋਂ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿੰਨਾ ਕੁ ਵਧੀਆ ਢੰਗ ਨਾਲ ਇਸ ਨੂੰ ਕਰਦੇ ਹੋ; ਪਰ ਇਹ ਕਿ ਤੁਸੀਂ ਇਸ ਨੂੰ ਕਰਦੇ ਹੋ ਜਾਂ ਨਹੀਂ। ਨਹੀਂ ਤਾਂ ਦੁਆ ਖਾਣਾ ਬਨਾਉਣ ਦੀ ਬਜਾਇ ਖਾਣਾ ਬਨਾਉਣ ਵਾਲੀ ਕਿਤਾਬ ਪੜ੍ਹਨ ਦੀ ਤਰ੍ਹਾਂ ਹੈ। *ਪਹਿਲਾਂ ਦੁਆ ਕਰੋ!*

(4) ਅਸੀਂ ਖ਼ੁਦਾ ਉੱਤੇ ਸ਼ੱਕ ਕਰਦੇ ਹਾਂ। ਸਾਨੂੰ ਲਗਦਾ ਹੈ, ''ਉਹ ਤੁਹਾਡੀਆਂ ਦੁਆਵਾਂ ਦਾ ਜਵਾਬ ਤਾਂ ਦੇ ਦੇਵੇਗਾ, ਪਰ ਮੇਰੀਆਂ ਦਾ ਨਹੀਂ।'' ਮਾਯੂਸ ਹੋਏ ਲੋਕ ਮੈਨੂੰ ਦੱਸਦੇ ਹਨ ਕਿ ''ਮੈਂ ਇਸ ਲਈ ਦੁਆ ਤਾਂ ਕੀਤੀ ਸੀ, ਪਰ ਕੁਝ ਹੋਇਆ ਨਹੀਂ।'' ਮੈਨੂੰ ਉਨ੍ਹਾਂ ਨੂੰ ਜਵਾਬ ਦੇਣਾ ਆ ਗਿਆ ਹੈ, ''ਇਸ ਵਿਚ ਇਨ੍ਹਾਂ ਹੈਰਾਨ ਹੋਣ ਦੀ ਕੀ ਗੱਲ ਹੈ?'' ਇਹ ਸੁਨਿਸਚਿਤ ਕਰਨ ਦੀ ਬਜਾਇ ਕਿ ਅਸੀਂ ਖ਼ੁਦਾ ਨੂੰ ਜਵਾਬ ਦੇਈਏ, ਅਸੀਂ ਉਸ ਤੋਂ ਮੰਗ ਕਰਦੇ ਹਾਂ ਕਿ ਉਹ ਸਾਨੂੰ ਜਵਾਬ ਦੇਵੇ। ਯਾਦ ਰੱਖੋ ਕਿ

ਦੁਆ ਦੇ ਬੇਕਾਰ ਹੋਣ ਤੇ ਸਮੱਸਿਆ ਖੁਦਾ ਵਿਚ ਨਹੀਂ ਬਲਕਿ ਮਨੁੱਖ ਵਿਚ ਹੁੰਦੀ ਹੈ।

(5) ਦੁਆ ਹਰ ਪਾਸੇ ਘੁੰਮ ਲੈਣ ਦੇ ਬਾਅਦ ''ਆਖ਼ਰੀ ਦਾਅ'' ਨਹੀਂ ਹੈ। ਦੁਆ ਹਰ ਲੋੜ ਲਈ ਪ੍ਰਬੰਧ ਅਤੇ ਹਰ ਸਮੇਂ ਦਾ ਹੱਲ ਹੈ। ਖ਼ੁਦਾ ਦਾ ਕਲਾਮ ਆਪਣਾ ਕੰਮ ਕਰੇਗਾ ਅਤੇ ਦੁਆ ਆਪਣਾ ਕੰਮ ਕਰੇਗੀ। ਜਦ ਮੈਂ ''ਨਵਾਂ ਨਵਾਂ ਪ੍ਰਚਾਰਕ'' ਬਣਿਆ ਸੀ ਤਾਂ ਮੈਨੂੰ–''ਬਿਨਾਂ ਮਸੀਹ ਦੇ ਮੈਂ ਕੁਝ ਨਹੀਂ'' ਵਾਕ ਦੀ ਸਮਝ ਨਹੀਂ ਸੀ (ਯੂਹੰਨਾ 15: 1–11)। ਹੁਣ ਜਦ ਕਿ ਮੈਂ ਇਕ ਪੁਰਾਣਾ ਪ੍ਰਚਾਰਕ ਹਾਂ, ਤਾਂ ਇਹ ਮੇਰਾ ਸਭ ਕੁਝ ਹੈ। ਜਵਾਨ ਪ੍ਰਚਾਰਕਾਂ ਨੂੰ ਸਿਖਾਉਣ ਵੇਲੇ ਮੈਂ ਉਨ੍ਹਾਂ ਨੂੰ ਬਾਈਬਲ ਵਿਚ ''ਪ੍ਰਾਪਤੀ'' ਨੂੰ ਲੱਭਣ ਦੀ ਚੁਣੌਤੀ ਦਿੰਦਾ ਹਾਂ। ਇਹ ਨਹੀਂ ਹੈ ਕਿ ਇਹ ਇਕ ਮਹਾਨ ਦਿਨ ਹੁੰਦਾ ਹੈ ਜਦ ਕੋਈ ਸਿੱਖਦਾ–''ਮਸੀਹ ਤੋਂ ਬਗ਼ੈਰ, ਮੈਂ ਕੁਝ ਵੀ ਨਹੀਂ।''

## ਸਮਾਂ

ਬਾਈਬਲ ਦੇ ਮਹਾਨ ਲੋਕ ਦੁਆ ਕਰਨ ਵਾਲੇ ਲੋਕ ਸਨ। ਦਾਨੀਏਲ ਬਾਬਲ ਵਿਚ, ਯਰੂਸ਼ਲਮ ਵੱਲ ਦੀ ਆਪਣੀ ਖਿੜਕੀ ਖੋਲ ਕੇ ਗੋਡੇ ਟੇਕ ਕੇ ਧੰਨਵਾਦ ਦੇ ਨਾਲ ਹਰ ਰੋਜ਼ ਤਿੰਨ ਵਾਰ ਦੁਆ ਕਰਦਾ ਸੀ (ਦਾਨੀਏਲ 6: 10)। ਸ਼ੇਰਾਂ ਨੇ ਉਸਨੂੰ ਮੂੰਹ ਲਾਉਣ ਤੋਂ ਨਾਂਹ ਕਰ ਦਿੱਤੀ। ਦਾਊਦ ਦਿਨ ਵਿਚ ਤਿੰਨ ਵਾਰ, ਯਾਨੀ ਸਵੇਰੇ ਸ਼ਾਮ ਅਤੇ ਦੁਪਿਹਰ ਨੂੰ ਦੁਆ ਕਰਦਾ ਸੀ (ਜ਼ਬੂਰਾਂ ਦੀ ਪੋਥੀ 55: 17; 5: 3)। ਨਹਮਯਾਹ ਲਗਾਤਾਰ ਯਰੂਸ਼ਲਮ ਲਈ ਦੁਆ ਕਰਦਾ ਸੀ। ਜਦ ਮੂਸਾ ਤੰਬੂ ਵਿਚ ਜਾਂਦਾ ਅਤੇ ਦੁਆ ਲਈ ਤਿਆਰ ਹੁੰਦਾ ਤਾਂ ਸਭ ਇਸਰਾਏਲੀ ਉਸ ਨੂੰ ਵੇਖਦੇ ਸਨ (ਕੂਚ 33: 8)। ਯਿਸੂ ਨੇ ਦਿਨ ਨਿਕਲਣ ਤੋਂ ਪਹਿਲਾਂ (ਮਰਕੁਸ 1: 35), ਰਸੂਲਾਂ ਨੂੰ ਚੁਣਨ ਤੋਂ ਪਹਿਲਾਂ ਸਾਰੀ ਰਾਤ (ਲੂਕਾ 10: 12–16) ਅਤੇ ਬਾਰਾਂ ਦੇ ਵਿਚ ਦੁਆ ਕੀਤੀ ਸੀ (ਲੂਕਾ 11: 1)। ਪਤਰਸ ਦੁਪਹਿਰ ਦੇ ਵੇਲੇ ਦੁਆ ਕਰ ਰਿਹਾ ਸੀ (ਰਸੂਲਾਂ ਦੇ ਕੰਮ 20: 36)। ਉਸਦੀ ਸੇਵਕਾਈ ਦਾ ਅਧਾਰ ਦੁਆ ਤੇ ਅੱਥਰੂ ਹੀ ਬਣੇ ਸਨ। ''ਕਲੀਸੀਆ ਦਾ ਭਵਨ'' ਦੁਆ ਨਾਲ ਹਿਲ ਗਿਆ ਸੀ (ਰਸੂਲਾਂ ਦੇ ਕੰਮ 4: 31)। ਪੌਲੁਸ ਨੇ ਹਰ ਥਾਂ ਦੁਆ ਦਾ ਹੁਕਮ ਦਿੱਤਾ (1 ਤਿਮੋਥਿਉਸ 2: 8)। ਪੌਲੁਸ ਅਤੇ ਉਸਦੇ ਸਾਥੀ ਦਿਨ ਰਾਤ ਦੁਆ ਕਰਦੇ ਸਨ (1 ਥੱਸਲੁਨੀਕੀਆਂ 3: 10)।

ਸਾਡੇ ਕੋਲ ਸਮਾਂ ਹੋਣਾ ਜ਼ਰੂਰੀ ਹੈ। ਮਾਰਟਿਨ ਲੂਥਰ ਦਾ ਕਹਿਣਾ ਸੀ, ''ਸਵੇਰ ਵੇਲੇ ਮੇਰਾ ਸਭ ਤੋਂ ਪਹਿਲਾ ਅਤੇ ਰਾਤ ਨੂੰ ਮੇਰਾ ਸਭ ਤੋਂ ਆਖ਼ਰੀ ਕੰਮ ਦੁਆ ਹੀ ਹੁੰਦਾ ਹੈ।'' ਦੁਆ ਦਿਨ ਵੇਲੇ ਕੁੰਜੀ ਅਤੇ ਰਾਤ ਵੇਲੇ ਤਾਲਾ ਹੁੰਦੀ ਹੈ। ਲੂਥਰ ਨੇ ਇਹ ਵੀ ਕਿਹਾ ''ਦੁਆ ਨਾਲ ਸਮੇਂ ਦੀ ਬਚਤ ਹੁੰਦੀ ਹੈ।''

ਦੁਆ ਵਿਚ ਮੇਰੀ ਸਭ ਤੋਂ ਵੱਡੀ ਗ਼ਲਤੀ ਇਹੀ ਹੈ ਕਿ ਮੈਂ ਆਪਣੇ ਵਕਤ ਅਤੇ ਆਪਣੀਆਂ ਸ਼ਰਤਾਂ ਤੇ ਦੁਆ ਕਰਦਾ ਹਾਂ। ਇਹ ਇਕ ਖ਼ਤਰਨਾਕ ਗਲਤੀ ਹੈ। ਅਸੀਂ ਦੁਆ ਸਿਰਫ਼ ਖ਼ੁਦਾ ਦੇ ਸਮੇਂ ਅਤੇ ਉਸ ਦੀਆਂ ਸ਼ਰਤਾਂ ਮੁਤਾਬਕ ਹੀ ਕਰ ਸਕਦੇ ਹਾਂ। ਹੋਰ ਗੱਲ ਨੂੰ ਖ਼ੁਦਾ ਕਬੂਲ ਨਹੀਂ ਕਰੇਗਾ। ਉਹ ਸਾਡੇ ਟੁਕੜਿਆਂ ਨੂੰ ਕਬੂਲ ਨਹੀਂ ਕਰੇਗਾ। ਸਾਡੀ ਮਸਰੂਫ਼ੀਅਤ ਖ਼ੁਦਾ ਨੂੰ ਬਾਹਰ ਕੱਢ ਦਿੰਦੀ ਹੈ। ਸਾਡੇ ਵਿੱਚੋਂ ਜ਼ਿਆਦਾ ਲੋਕ ''ਨੱਸਦੇ–ਨੱਸਦੇ'' ਦੁਆ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਵੀ ਕੰਮ ਨਹੀਂ ਆਵੇਗੀ। ''ਭੱਜ ਦੌੜ'' ਵਿਚ ਕੁਝ ਵੀ ਸਹੀ ਢੰਗ ਨਾਲ ਨਹੀਂ ਹੋ ਸਕਦਾ। ਮਸੀਹੀਅਤ ਵਿਚ ਅਹਿਮ ਕੁੰਜੀ ਸਮਾਂ ਹੀ ਹੈ; ਨਾ ਬਚਿਆ ਹੋਇਆ ਸਮਾਂ, ਨਾ ਵਾਧੂ ਸਮਾਂ, ਬਲਕਿ ਬੇਹਤਰੀਨ ਸਮਾਂ। ਚਿੰਤਨ ਕਰਨ, ਧਿਆਨ ਲਾਉਣ, ਵਿਚਾਰ ਕਰਨ ਅਤੇ ਭਗਤੀ ਦੇ ਸਮੇ, ਜਿਸ ਵਿਚ ਕਾਹਲ਼ੀ ਨਾ ਹੋਵੇ, ਕੋਈ ਰੁਕਾਵਟ ਨਾ ਹੋਵੇ। ਤੁਸੀਂ ਉੱਲੂ ਬਣ ਸਕਦੇ ਹੋ, ਜਾਂ ਮੁਰਗਾ ਬਣ ਸਕਦੇ ਹੋ। ਜੋ ਵੀ ਬਣੋ, ਪਰ ਸਮਾਂ ਤੈਅ ਕਰੋ ਅਤੇ ਉਸੇ ਦੇ ਮੁਤਾਬਕ ਕੰਮ ਕਰੋ। ਦੁਆ ਤਰਕ ਨਹੀਂ ਹੈ; ਇਹ ਤਾਂ ਪੁਕਾਰ ਹੈ। ਵੈਸੇ, ਛੇਤੀ ਉੱਠਣ ਦਾ ਰਾਜ਼ ਛੇਤੀ ਸੌਣਾ ਹੀ ਹੈ। ''ਜਿਹੜਾ ਨਹੀਂ ਉੱਠ ਸਕਦਾ,'' ਉਹ ਕਦੀ ਕਾਮਯਾਬ ਨਹੀਂ ਹੋਵੇਗਾ।

ਦੁਆ ਭਰੀ ਜ਼ਿੰਦਗੀ ਸ਼ੁਰੂ ਕਰਨਾ ਓਨਾ ਮੁਸ਼ਕਿਲ ਨਹੀਂ ਹੈ ਜਿੰਨਾ ਇਹ ਨੂੰ ਜਾਰੀ ਰੱਖਣਾ। ਅਸੀਂ ਸ਼ੁਰੂ ਤਾਂ ਕਰ ਲੈਂਦੇ ਹਾਂ, ਪਰ ਆਪਣੀ ਰੋਜ਼ ਮਰੱਾ ਦੀ ਜ਼ਿੰਦਗੀ ਵਿਚ ਰੁਕਾਵਟ ਪੈਣ ਤੇ ਉਸ ਨੂੰ ਛੱਡ ਦਿੰਦੇ ਹਾਂ। ਜਿਵੇਂ ਅਸੀਂ ਲਗਾਤਾਰ ਖਾਂਦੇ ਹਾਂ ਉਵੇਂ ਹੀ ਸਾਨੂੰ ਲਗਾਤਾਰ ਦੁਆ ਵੀ ਕਰਨੀ ਚਾਹੀਦੀ ਹੈ। ਜ਼ਿੰਦਗੀ ਦੇ ਸ਼ਾਂਤ ਸਮਿਆਂ ਵਿਚ ਕੀਤੀ ਦੁਆ ਮਨੁੱਖ ਨੂੰ ਤੁਫ਼ਾਨਾਂ ਦਾ ਮੁਕਾਬਲਾ ਕਰਨ ਲਈ ਤਿਆਰ ਕਰਦੀ ਹੈ। ਜੇ ਤੁਸੀਂ ਤੁਫ਼ਾਨ ਦੇ ਆਉਣ ਤੋਂ ਪਹਿਲਾਂ ਦੁਆ ਨਹੀਂ ਕਰ ਰਹੇ ਤਾਂ ਸ਼ਾਇਦ ਤੁਫ਼ਾਨ (ਮੁਸੀਬਤ) ਦੇ ਆਉਣ ਤੇ ਦੁਆ ਕਰਨ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ ਇਹ ਦਾਅਵਾ ਨਾ ਕਰੋ ਕਿ ਤੁਹਾਨੂੰ ਦੁਆ ਕਰਨ ਦੀ ਲੋੜ ਕਦੋਂ ਹੋਵੇਗੀ। ਦੁਆ ਤੁਹਾਡੀ ਰੋਜ਼ ਮਰੱਾ ਦੀ ਜ਼ਿੰਦਗੀ ਵਿਚ ਸ਼ਾਮਿਲ ਹੋ ਜਾਣੀ ਚਾਹੀਦੀ ਹੈ; ਪਰ ਅਜਿਹਾ ਵੀ ਨਾ ਹੋਵੇ ਕਿ ਇਹ ਸਿਰਫ਼ ਵਿਖਾਵਾ ਹੀ ਬਣ ਕੇ ਰਹਿ ਜਾਵੇ।

ਦਾਊਦ ਦਿਨ ਵਿਚ ਸੱਤ ਵਾਰ ਖ਼ੁਦਾ ਦੀ ਉਸਤਤ ਕਰਦਾ ਸੀ (ਜ਼ਬੂਰ 119:164)। ਆਮ ਤੌਰ ਤੇ ਉਹ ''ਦਿਨ ਭਰ ਦੁਆ ਕਰਦਾ ਸੀ।'' ਦਿਨ ਦੀ ਸ਼ੁਰੂਆਤ ਖ਼ੁਦਾ ਤੋਂ ਕਰੋ, ਉਸਤਤ ਕਰਨ ਲਈ ਵਕਫ਼ਾ ਲਓ, ਅਤੇ ਫਿਰ ਦਿਨ ਦੀ ਸਮਾਪਤੀ ਖ਼ੁਦਾ ਨਾਲ ਕਰੋ। ਦੋਸਤ ਸਮਾਂ ਲੈਂਦੇ ਹਨ; ਦੁਆ ਸਮਾਂ ਲੈਂਦੀ ਹੈ। ਤੁਸੀਂ ਕਦੇ ਸਾਰੀ ਰਾਤ ਦੁਆ ਕੀਤੀ ਹੈ? ਇਕ ਘੰਟਾ? ਰੋਜ਼? *ਸਵਾਲ:* ਤੁਸੀਂ ਦੁਆ ਕਰਨ ਵਿਚ ਕਿਹੋ ਜਿਹੇ ਹੋ? ਦੁਆ ਵਿਚ ਦਿਨ ਸੰਯੋਗ ਨਾਲ ਨਹੀਂ ਆ ਜਾਂਦੇ। ਉਨ੍ਹਾਂ ਨੂੰ ਆ ਜਾਣ ਦੇਣ ਦੀ ਤਿਆਰੀ ਕਰੋ। ਸੱਚੀ ਦੁਆ ਸਾਡੇ ਗੋਡਿਆਂ ਭਾਰ ਝੁਕਣ ਜਾਂ ਉੱਠਣ ਨਾਲ ਸ਼ੁਰੂ ਜਾਂ ਖ਼ਤਮ ਨਹੀਂ ਹੁੰਦੀ। *ਪਹਿਲਾਂ ਦੁਆ ਕਰੋ!*

## ਸਥਾਨ

ਦੁਆ ਲਈ ਸਮੇਂ ਅਤੇ ਸਥਾਨ ਦਾ ਹੋਣਾ ਜ਼ਰੂਰੀ ਹੈ। ਯਿਸੂ ਨੇ ਗਤਸਮਨੀ ਵਿਚ ਦੁਆ ਕੀਤੀ ਸੀ। ਉਸਨੇ ਪਹਾੜਾਂ ਤੇ ਦੁਆ ਕੀਤੀ ਸੀ। ਉਸਨੇ ''ਪ੍ਰਾਰਥਨਾ ਦੀ ਕੋਠੜੀ'' (ਮੱਤੀ 6:6) ਦੀ ਆਗਿਆ ਦਿੱਤੀ ਸੀ। ਕੋਠੜੀ ਅੱਜ ਦੇ ਵੱਖਰੇ ਬਣਾਏ ਗਏ ਕਮਰੇ ਵਾਂਗ ਹੈ। ਯਿਸੂ ਦੇ ਵਕਤ ਨਿੱਕੇ ਜਾਂ ਇਕ ਕਮਰੇ ਵਾਲੇ ਘਰ ਵਿਚ ਅਜਿਹਾ ਮੁੰਮਕਿਨ ਨਹੀਂ ਸੀ। ਯਹੂਦੀ ਲੋਕ ਇਕ ਚੋਗਾ (ਦੁਆ ਲਈ ਇਕ ਸ਼ਾਲ) ਪਾਉਂਦੇ ਸਨ (ਵੇਖੋ ਗਿਣਤੀ 15:37–41) ਯਹੂਦੀ ਆਦਮੀ ਪਰਦੇ ਦੇ ਲਈ ''ਪ੍ਰਾਰਥਨਾ ਦੀ ਕੋਠਰੀ'' ਅਰਥਾਤ ਉਸ ਚੋਗੇ ਨਾਲ ਆਪਦਾ ਸਿਰ ਢੱਕ ਲੈਂਦੇ ਸਨ। ਇਤਿਹਾਸ ਦੱਸਦਾ ਹੈ ਕਿ ਇੰਗਲੈਂਡ ਵਿਚ ਵੈਸਲੇ ਮੁੰਡਿਆਂ ਦੀ ਮਾਂ (ਉੱਨੀ ਬੱਚਿਆਂ ਦੇ ਨਾਲ) ਰਾਤ ਨੂੰ ਰੋਜ਼ ਰੁਕ ਕੇ ਦੁਆ ਕਰਦੀ ਸੀ। ਉਹ ਕੁਰਸੀ ਤੇ ਬਹਿ ਜਾਂਦੀ, ਆਪਣੇ ਪੱਲੂ ਨਾਲ ਸਿਰ ਕੱਢਦੀ ਅਤੇ ਦੁਆ ਕਰਦੀ ਸੀ। ਬੱਚਿਆਂ ਦਾ ਪਾਲਣ ਪੋਸ਼ਣ ਦੁਆ ਦੇ ਇਸ ਸਮੇਂ ਦਾ ਸਨਮਾਨ ਸੰਜੀਦਗੀ ਨਾਲ ਕਰਦਿਆਂ ਹੋਇਆ ਸੀ। ਜੇ ਸਾਡੇ ਕੋਲ ਸਮਾਂ ਅਤੇ ਸਥਾਨ ਨਹੀਂ ਹੈ, ਤਾਂ ਅਸੀਂ ਦੁਆ ਨਹੀਂ ਕਰ ਸਕਦੇ। ਨਥਾਨੀਏਲ ਨੂੰ ''ਅੰਜੀਰ ਦਾ ਦਰੱਖ਼ਤ'' ਮਿਲਿਆ ਹੋਵੇਗਾ (ਯੂਹੰਨਾ 1:48)। ''ਨਿਵੇਕਲੇ ਸਮੇਂ'' ਲਈ ''ਨਿਵੇਕਲੀ ਥਾਂ'' ਦਾ ਹੋਣਾ ਵੀ ਜ਼ਰੂਰੀ ਹੈ।

ਸਮੇਂ ਅਤੇ ਸਥਾਨ ਦੀ ਆਦਤ ਬਣਾਓ ਅਰਥਾਤ ਦੁਆ ਲਈ ਇਕ ਸਮਾਂ ਅਤੇ ਸਥਾਨ ਠਹਿਰਾਓ। ''ਕਿਤੇ ਵੀ ਦੁਆ ਕਰਨਾ'' ਅਸਾਨੀ ਨਾਲ ''ਕਿਤੇ ਵੀ ਦੁਆ ਨਾ ਕਰਨਾ'' ਬਣ ਸਕਦਾ ਹੈ; ''ਕਦੇ ਵੀ ਵਕਤ ਦੁਆ ਕਰਨਾ'' ਅਸਾਨੀ ਨਾਲ ''ਕਦੇ ਵੀ ਵਕਤ ਦੁਆ ਨਾ ਕਰਨਾ'' ਬਣ ਸਕਦਾ ਹੈ। ਦੁਆ ਕਰਨ ਦੀ ਚਾਹਤ ਕਰਨਾ ਜ਼ਰੂਰੀ ਹੈ; ਇਸ ਨੂੰ ਕਰਨ ਦਾ ਫ਼ੈਸਲਾ ਲੈਣਾ ਜ਼ਰੂਰੀ ਹੈ; ਤਾਂ ਹੀ ਅਸੀਂ ਦੁਆ ਕਰ ਸਕਦੇ ਹਾਂ। ਜੇਕਰ ਅਸੀਂ ਦੁਆ ਨਹੀਂ ਕਰਦੇ ਤਾਂ ਇਮਾਨਦਾਰੀ ਦਾ ਨਿਚੋੜ ਇਹੀ ਹੈ ਕਿ ਅਸੀਂ ਅਸਲ ਵਿਚ ਦੁਆ ਕਰਨ ਦਾ ਫ਼ੈਸਲਾ ਲਿਆ ਹੀ ਨਹੀਂ। ਬਹੁਤ ਸਾਰੇ ਲੋਕ ਇਨੇ ਨਾਲ ਸੰਤੁਸ਼ਟ ਹਨ ਕਿ ਉਹ ਆਪਣੇ ਕੰਮ ਦੇ ਕਰਕੇ ਦੁਆ ਕਰਨ ਲਈ ਸਮਾਂ ਨਹੀਂ ਕੱਢ ਪਾਉਂਦੇ। ਕੀ ਤੁਸੀਂ ਕਿਸੇ ਅਜਿਹੇ ਮਨੁੱਖ ਨੂੰ ਜਾਣਦੇ ਹੋ, ਜਿਹੜਾ ਇੰਨੀ ਦੁਆ ਕਰਦਾ ਹੋਵੇ ਕਿ ਉਸ ਕੋਲ ਕੰਮ ਕਰਨ

ਲਈ ਸਮਾਂ ਹੀ ਨਾ ਹੋਵੇ? ਦੁਆ ਉਹ ਸਭ ਤੋਂ ਵਿਹਾਰਕ ਗੱਲ ਹੈ, ਜੋ ਕੋਈ ਵੀ ਕਰ ਸਕਦਾ ਹੈ।

ਦੁਆ ਲਈ ਇਕ ਸਥਾਨ ਹੋਣਾ, ਸਾਡੀ ਨਜ਼ਰ ਵਿਚ ਉਸ ਸਥਾਨ ਨੂੰ ''ਪਵਿੱਤਰ'' ਬਣਾ ਦਿੰਦਾ ਹੈ। ਸਾਡੇ ਭੌਤਿਕ ਸੰਸਾਰ ਵਿਚ ਕੁਝ ਗੱਲਾਂ ''ਪਵਿੱਤਰ'' ਮੰਨੀਆਂ ਜਾਂਦੀਆਂ ਹਨ। ''ਪਵਿੱਤਰ ਘੰਟੇ'' ਅਤੇ ''ਪਵਿੱਤਰ ਸਥਾਨ'' ਬਨਾਉਣਾ ਜ਼ਰੂਰੀ ਹੈ। ਖੁਦਾ ਨੂੰ ਸਾਡਾ ਪਹਿਲਾ ਸਮਾਂ ਪਾਉਣ ਦਾ ਹੱਕ ਹੈ, ਨਾ ਕਿ ਬਚਿਆ ਖੁਚਿਆ। ਖ਼ੁਦਾ ਇਕ ਚੰਗੇ ਸਥਾਨ ਦੀ ਮੰਗ ਕਰਦਾ ਹੈ। ਅਜਿਹਾ ਸਥਾਨ ਜ਼ਰੂਰ ਲੱਭੋ। ਮੈਨੂੰ ਆਪਣੀ ਕਾਰ ਵਿਚ ਦੁਆ ਕਰਨਾ ਚੰਗਾ ਲਗਦਾ ਹੈ। ਕਿਉਂਕਿ ਮੈਂ ਜ਼ਿਆਦਾਤਰ ਬਾਹਰ ਰਹਿੰਦਾ ਹਾਂ; ਇਸ ਲਈ ਜਹਾਜ਼ ਅਤੇ ਹੋਟਲ ਦੁਆ ਕਰਨ ਦੀ ਬਹੁਤ ਸਹੀ ਥਾਂ ਹੈ। ਪਰ ਮੈਂ ਦੁਆ ਲਈ ਘਰ ਨੂੰ ਹੀ ਪਹਿਲ ਦਿੰਦਾ ਹਾਂ। ਦੁਆ ਮੌਤ ਲਈ ਅਭਿਆਸ ਕਰਨਾ ਹੈ। ਇਹ ਆਪਣੇ ਆਪ ਨੂੰ ਮਾਰਨਾ ਅਤੇ ''ਖ਼ੁਦਾ ਨੂੰ ਅਹਿਮੀਅਤ'' ਦੇਣਾ ਹੈ। ਜਦ ਅਸੀਂ ਦੁਆ ਕਰਦੇ ਹਾਂ, ਤਾਂ ਅਸੀਂ ਸਮੇਂ ਲਈ ਇਛਾਵਾਂ ਲਈ ਆਪਣੀ ਜ਼ਿੱਦੀ ਚਾਹਰ ਲਈ ਮਰ ਜਾਂਦੇ ਹਾਂ। *ਕਿਸੇ ਵੀ ਦਿਨ ਸਾਡਾ ਸਭ ਤੋਂ ਮਹੱਤਵਪੂਰਣ ਕੰਮ ਦੁਆ ਕਰਨਾਂ ਹੋ ਸਕਦਾ ਹੈ।*

## ਮੁਦਰਾ

ਦੁਆ ਵਿਚ ਮੁਦਰਾ ਮੁੱਖ ਤੱਤ ਨਹੀਂ ਹੈ, ਪਰ ਇਸ ਦੀ ਭੂਮਿਕਾ ਜ਼ਰੂਰ ਮਹੱਤਵਪੂਰਣ ਹੈ। ਖ਼ਦਾ ਦੇ ਜਨ ਗੋਡੇ ਟੇਕਦੇ, ਮੂੰਹ ਭਾਰ ਡਿੱਗਦੇ, ਆਪਣੇ ਸਿਰਾਂ ਨੂੰ ਝੁਕਾਉਂਦੇ, ਕੰਬਦੇ, ਖੜੇ ਹੁੰਦੇ ਅਤੇ ਪਵਿੱਤਰ ਹੱਥ ਉੱਪਰ ਚੁੱਕਦੇ ਹਨ। ਯਿਸੂ ਨੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਗੱਲਾਂ ਕੀਤੀਆਂ। ਮੁਦਰਾ ਦੁਆ ਵਿਚ ਮਦਦਗਾਰ ਅਤੇ ਦੁਆ ਕਰਨ ਵਾਲੇ ਦੇ ਰਵੱਈਏ ਨੂੰ ਵਿਖਾਉਂਦੀ ਹੈ; ਕਿਉਂਕਿ ਮੁਦਰਾ ਵੈਸੀ ਹੀ ਹੋਵੇਗੀ ਜੈਸਾ ਕਿਸੇ ਦਾ ਵਿਹਾਰ। ਗੋਡਿਆਂ ਭਾਰ ਝੁਕਣ ਦਾ ਮਤਲਬ ਅਧੀਨ ਹੋਣਾ ਹੈ ... ਖੜੇ ਹੋਣ ਦਾ ਮਤਲਬ ਆਨੰਦ ਹੈ। ਪੁਰਖ ਪਵਿੱਤਰ ਹੱਥ ਚੁੱਕ ਕੇ ਦੁਆ ਕਰਦੇ ਹਨ (1 ਤਿਮੋਥਿਉਸ 2:8)। ਜ਼ੋਰ ''ਪਵਿੱਤਰ,'' ਤੇ ਹੈ ਨਾ ਕਿ ਸਿਰਫ਼ ਹੱਥ ਚੁੱਕਣ ਤੇ। ਅਲੰਕਾਰ ਦੇ ਰੂਪ ਵਿਚ, ਇਸਦਾ ਅਰਥ ਹੈ ਕਿ ਸੱਚੀ ਦੁਆ ਪਵਿੱਤਰ ਜ਼ਿੰਦਗੀ ਤੋਂ ਨਿੱਕਲ ਸਕਦੀ ਹੈ। ਬਹੁਤ ਸਾਰੇ ਲੋਕ ਤਾਂ ਸ਼ਾਇਦ ''ਝੁਕਦੇ'' ਹੀ ਹਨ। ਅਸੀਂ ਆਪਣੇ ਬੱਚਿਆਂ ਨੂੰ ਸਿਰ ਝੁਕਾਉਣਾ ਅਤੇ ਅੱਖਾਂ ਬੰਦ ਕਰਨਾ ਸਿਖਾਉਂਦੇ ਹਾਂ। ਕਲੀਸੀਆ ਦੇ ਭਵਨਾਂ ਵਿਚ ''ਆਮੀਨ ਕਾਰਨਰ'' ਹੋਇਆ ਕਰਦੇ ਸਨ, ਜਿੱਥੇ ਸਾਰੇ ਆਦਮੀ ਦੁਆ ਵਿਚ ਗੋਡਿਆਂ ਦੇ ਬਲ ਝੁਕਦੇ ਸਨ। ਖ਼ੁਦਾ ਨੇ ਮੂਸਾ ਨੂੰ ਕਿਹਾ ਸੀ, ''ਫੇਰ ਉਸ ਆਖਿਆ, ਐਧਰ ਨੇੜੇ ਨਾ ਆ। ਆਪਣੇ ਪੈਰਾਂ ਤੋਂ ਜੁੱਤੀ ਲਾਹ ਦੇਹ ਕਿਉਂ ਜੋ ਏਹ ਥਾਂ ਜਿੱਥੇ ਤੂੰ ਖੜਾ ਹੈਂ ਪਵਿੱਤਰ ਭੂਮੀ ਹੈ'' (ਕੂਚ 3:5)।

ਮੁਦਰਾ ਦਾ ਆਪਣਾ ਮਹੱਤਵ ਹੈ। ਇਸ ਤੋਂ ਸਾਨੂੰ ਅਹਿਸਾਸ ਰਹਿੰਦਾ ਹੈ ਕਿ ''ਬਾਸ'' ਕੌਣ ਹੈ। ਇਸ ਤੋਂ ਅਸੀਂ ਦੁਆਵਾਂ ਵਿਚ ਦੁਆਵਾਂ ਕਰਨ ਦੀ ਬਜਾਏ, ''ਦੁਆ'' ਕਰਨ ਤੋਂ ਰੁਕ ਸਕਦੇ ਹਾਂ। ਇਸ ਤੋਂ ਦੋ-ਚਿੱਤਾਪਨ ਖ਼ਤਮ ਹੁੰਦਾ ਹੈ। ਆਪਣੇ ਗੋਡਿਆਂ ਤੇ ਝੁਕੇ ਹੋਏ ਅਸੀਂ ਦੋ ਮਹਾਨ ਔਜ਼ਾਰਾਂ (1) ਦੁਆ ਅਤੇ (2) ਪਰਨੇ ਦੀ ਵਰਤੋਂ ਕਰ ਸਕਦੇ ਹਾਂ।

ਮੁਦਰਾ ਵਿਚ ਸਰੀਰ ਕੰਮ ਕਰਦਾ ਹੈ। ਜ਼ਰਾ ਵਿਚਾਰ ਕਰੋ। ਸਰੀਰ ਸਭ ਤੋਂ ਆਖ਼ਰੀ ਚੀਜ਼ ਹੈ, ਜੋ ਅਸੀਂ ਖ਼ੁਦਾ ਨੂੰ ਦਿੰਦੇ ਹਾਂ। ਅਸੀਂ ਪ੍ਰਾਣ ਆਤਮਾ ਦੀ ਗੱਲ ਕਰਦੇ ਹਾਂ ਪਰ ਜਿਸਮ ਨੂੰ ਭੁਲ ਜਾਂਦੇ ਹਾਂ। ਅਸੀਂ ਸੋਚਣ ਲਗਦੇ ਹਾਂ ਕਿ ਇਹ ਸਭ ਤੋਂ ਘੱਟ ਮਹੱਤਵਪੂਰਣ ਭਾਗ ਹੈ। ਮਦਰਾ ਤੋਂ ਅਸੁਵਿਧਾ ਹੁੰਦੀ ਹੈ ਅਤੇ ਵਿਅਕਤੀ ਦੀਨ ਬਣਦਾ ਹੈ। ''ਆਪਣੇ ਗੋਡਿਆਂ ਨੂੰ ਮਾਰਨਾ'' ਕੌਣ ਚਾਹੁੰਦਾ ਹੈ? ਜਿਸਮ ਉਹ ਅੰਤਿਮ ਕਿਲ੍ਹਾ ਹੋ ਸਕਦਾ ਹੈ, ਜਿਸ ਨੂੰ ਅਸੀਂ ਯਿਸੂ ਦੇ ਸਪੁਰਦ ਕਰਦੇ ਹਾਂ। ਕੀ ਤੁਸੀਂ ਆਪਣੇ ਸਰੀਰ ਦਾ ''ਅਧਿਕਾਰ ਪੱਤਰ'' ਖ਼ੁਦਾ ਨੂੰ ਦੇ ਦਿੱਤਾ ਹੈ?

## ਤਿਆਰੀ

ਬਾਈਬਲ ਦੇ ਮਹਾਨ ਲੋਕਾਂ ਕੋਲ ਦੁਆ ਕਰਨ ਲਈ ਸਮਾਂ, ਸਥਾਨ ਅਤੇ ਕਾਰਣ ਸਨ। ਪੌਲੁਸ ਕੋਲ ''ਕੰਡਾ'' ਸੀ। ਯਿਸੂ ਕੋਲ ''ਪਿਆਲਾ'' ਸੀ। ਮੂਸਾ ਕੋਲ ਪਾਪ ਨਾਲ ਭਰੀ ਕੌਮ ਸੀ। ਘੱਟ ਜਾਂ ਅਰਥਹੀਨ ਦੁਆ ਕਾਰਣ ਕਲੀਸੀਆ ਸੁਸਤ ਹੈ ਅਤੇ ਭਾਈ ਮਰੇ ਹੋਏ ਹਨ। ਦੁਆ ਨੂੰ ਸੁਰਜੀਤ ਕਰੋ ਤਾਂ ਕਲੀਸੀਆ ਬਹਾਲ ਹੋ ਜਾਵੇਗੀ। ਜੇ ਤੁਹਾਡੇ ਕੋਲ ਕਹਿਣ ਨੂੰ ਕੁਝ ਨਹੀਂ ਹੈ ਤਾਂ ਕੁਝ ਨਾ ਕਹੋ। ਸੁਣਨ ਦਾ ਵੀ ਸਮਾਂ ਹੈ, ਸ਼ਾਂਤ ਹੋਣ ਦਾ ਸਮਾਂ ਹੈ, ਚੁੱਪ ਰਹਿਣ ਦਾ ਸਮਾਂ ਹੈ। ਸੁਣਨ ਨਾਲੋਂ ਗੱਲ ਕਰਨਾ ਅਸਾਨ ਹੈ; ਚੁਪ ਹੋਣ ਨਾਲੋਂ ਗੱਲਾਂ ਕਰਨਾ ਅਸਾਨ ਹੈ। ਦੁਆ ਲਈ ਸਮਾਂ ਕੱਢੋ। ਬਿਨਾਂ ਨਿਸ਼ਾਨਾ ਲਾਏ ਮਾਰਨ ਨੂੰ ਵੀ ਮਾਰਿਆ ਹੀ ਗਿਣਿਆ ਜਾਵੇਗਾ। ਦੁਆ ਦਾ ਇਕ ਨਿਸ਼ਾਨਾ ਜਾਂ ਮਕਸਦ ਹੋਣਾ ਚਾਹੀਦਾ ਹੈ। ਸਹਿਜ ਦੁਆ ਅਨੰਦਿਤ ਕਰਨ ਵਾਲੀ ਹੋ ਸਕਦੀ ਹੈ, ਪਰ ਇਹ ਸਥਾਈ ਕਦੀ ਨਹੀਂ ਹੁੰਦੀ। ਭਾਵੁਕ ਹੋਣ ਨੂੰ ਅਧਿਕ ਹੀ ਮਹੱਤਵ ਦਿੱਤਾ ਜਾਂਦਾ ਹੈ। ਜਦ ਦੁਆ ਕਰਨਾ ਸਭ ਤੋਂ ਔਖਾ ਹੋਵੇ, ਤਾਂ ਹੋਰ ਜ਼ੋਰ ਨਾਲ ਦੁਆ ਕਰੋ।

ਇਕ ਸੂਚੀ ਬਣਾਓ। ਅਸੀਂ ਸੂਚੀ ਕਿਉਂ ਨਹੀਂ ਬਣਾਉਂਦੇ? ਅਸੀਂ ਸੰਦੇਸ਼ ਦੇਣ, ਕਲਾਸ ਆਦਿ ਦੇ ਨੋਟਸ ਬਣਾਉਂਦੇ ਹਾਂ। ਬੀਮਾਰ ਹੋਣ ਤੇ ਡਾਕਟਰ ਨੂੰ ਪੁੱਛਣ ਲਈ ਸਭ ਸਵਾਲਾਂ ਨੂੰ ਯਾਦ ਕਰਦੇ ਜਾਂ ਉਨ੍ਹਾਂ ਨੂੰ ਲਿਖ ਲੈਂਦੇ ਹਾਂ। ਅਸੀਂ ਕੁਝ ਵੀ ਭੁਲਣਾ ਨਹੀਂ ਚਾਹੁੰਦੇ। ਤਾਂ ਫਿਰ ਖ਼ੁਦਾ ਨਾਲ ਗੱਲਾਂ ਕਰਨ ਦੇ ਸਮੇਂ ਉਸ ਨਾਲ ਕੀਤੀਆਂ ਜਾਣ ਵਾਲੀਆਂ ਗੱਲਾਂ ਦੀ ਇਕ ਸੂਚੀ ਬਨਾਉਣ ਵਿਚ ਕੀ ਦਿੱਕਤ ਹੈ? ਉਸ ਸੂਚੀ ਵਿਚ ਬਚਕਾਨੀਆਂ ਬੇਨਤੀਆਂ ਨੂੰ ਸ਼ਾਮਿਲ ਨਾ ਕੀਤਾ ਜਾਵੇ। *ਇਕ ਸੂਚੀ ਬਣਾਓ।* ਫਿਰ ਉਸ ਸੂਚੀ ਨੂੰ ਪੜ੍ਹੋ। ਦਾਊਦ ਦੇ ਭਜਨਾਂ ਨੂੰ ਪੜ੍ਹੋ। ਯਹੂਦੀਆਂ ਲਈ ਇਹ ਜ਼ਬੂਰ ਹੀ ਨਹੀਂ ਬਲਕਿ ਦੁਆ ਦੀ ਕਿਤਾਬ ਵੀ ਸੀ। ਦਾਊਦ ਖ਼ੁਦਾ ਨੂੰ ''ਆਪਣੀ ਸੂਚੀ'' ਵਿਖਾਉਂਦਾ; ਸੀ। ''ਦੁਆ ਦੀ ਪਾਠਸ਼ਾਲਾ'' ਵਿਚ ਸਭ ਤੋਂ ਵਧੀਆ ਤਾਂ ਜ਼ਬੂਰਾਂ ਦੀ ਕਿਤਾਬ ਹੀ ਹੈ। ਇਕ ਵੱਡੇ ਪ੍ਰਚਾਰਕ ਤੋਂ ਕਿਸੇ ਨੇ ਪੁੱਛਿਆ ਕਿ ਉਸਨੇ ਇੱਨਾਂ ਵਧੀਆ ਕਿਵੇਂ ਕੀਤਾ। ਉਸਦਾ ਜਵਾਬ ਸੀ, ''ਦੁਆ ਦੀ ਆਪਣੀ ਸੂਚੀ ਦੇ ਕਾਰਣ'' ਜਿਹੜੀਆਂ–ਜਿਹੜੀਆਂ ਗੱਲਾਂ ਮਹੱਤਵਪੂਰਣ ਸਨ, ਉਸਨੇ ਉਨ੍ਹਾਂ ਦੀ ਲਿਸਟ ਜਾਂ ਫਹਰਿਸਟ ਬਣਾਈ ਹੋਈ ਸੀ।

ਜ਼ਿਆਦਾ ਉਮਰ ਹੋਣ ਤੇ ਦੁਆ ਅਸਾਨ ਨਹੀਂ ਹੋ ਜਾਂਦੀ ਹੈ। ਸੱਠ ਸਾਲ ਦੇ ਆਦਮੀ ਲਈ ਮਸੀਹ ਲਈ ਜੀਉਣਾ ਵੀਹ ਸਾਲ ਵਾਲੇ ਆਦਮੀ ਤੋਂ ਅਸਾਨ ਨਹੀਂ ਹੈ। ਸਥਾਨ ਵੀ ਦੁਆ ਨੂੰ ਅਸਾਨ ਨਹੀਂ ਬਣਾਉਂਦਾ।

ਜੇਕਰ ਤੁਸੀਂ ਡੈਲਸ, ਟੈਕਸਸ ਵਿਚ ਦੁਆ ਨਹੀਂ ਕਰੋਗੇ ਤਾਂ ਤੁਸੀਂ ਨੈਸ਼ਵਿੱਲੇ (ਅਮਰੀਕਾ ਦਾ ਸ਼ਹਿਰ) ਵਿਚ ਵੀ ਨਹੀਂ ਕਰੋਗੇ। ਪ੍ਰਚਾਰਕ ਹੋਣਾ ਵੀ ਦੁਆ ਨੂੰ ਅਸਾਨ ਨਹੀਂ ਬਣਾਉਂਦਾ। ਦੁਆ ਕਰਨ ਦਾ ਅਸਾਨ ਸਮਾਂ ਕਦੀ ਨਹੀਂ ਹੁੰਦਾ।

## ਪੌਲੁਸ ਦੀ ਦੁਆ ਭਰੀ ਜ਼ਿੰਦਗੀ

ਪੌਲੁਸ ਨੂੰ ਰਸਤੇ ਵਿਚ ਮਿਲਣ ਤੇ ਅਸੀਂ ਪਹਿਚਾਣ ਨਹੀਂ ਸਕਦੇ ਸੀ। ਅਸੀਂ ਪੌਲੁਸ ਨੂੰ ਪ੍ਰਾਪਤੀਆਂ, ਸਫ਼ਲਤਾਵਾਂ ਅਤੇ ਕੰਮ ਕਰਨ ਵਾਲੇ ਮਨੁੱਖ ਦੇ ਰੂਪ ਵਿਚ ਵੇਖਦੇ ਹਾਂ। ਪੌਲੁਸ ਦੀ ਸਮਰਥਾ ਦੁਆ ਸੀ। ''ਲਗਾਤਾਰ ਦੁਆ ਕਰਦੇ ਰਹੋ।'' ਪੌਲੁਸ ਜਿਸ ਗੱਲ ਦਾ ਪ੍ਰਚਾਰ ਕਰਦਾ ਸੀ, ਉਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਂਦਾ ਵੀ ਸੀ। ਉਸ ਦੀਆਂ ਦੁਆਵਾਂ ਤੋਂ ਖ਼ੁਦਾ ਨਾਲ ਉਸਦੇ ਸਬੰਧ ਦਾ ਪਤਾ ਚਲਦਾ ਹੈ। ਪੌਲੁਸ ਦੀਆਂ ਦੁਆਵਾਂ ਵਿਚ ਆਪਣੇ ਭਰਾਵਾਂ ਦੇ ਨਾਲ ਉਸਦੇ ਸਬੰਧਾਂ ਦਾ ਪਤਾ ਲਗਦਾ ਹੈ। ਉਹ ਭਰਾਵਾਂ ਲਈ ਦੁਆ ਕਰਦਾ ਸੀ; ਉਹ ਆਪਣੇ ਲਈ ਉਨ੍ਹਾਂ ਦੀਆਂ ਦੁਆਵਾਂ ਦੀ ਚਾਹ ਕਰਦਾ ਸੀ।

ਸਾਡੀਆਂ ਦੁਆਵਾਂ ਉਸਦੀ ਸੂਚੀ ਵਾਂਗ ਹੋਣਗੀਆਂ ਜਾਂ ਕਰਿਆਨੇ ਦੇ ਸਮਾਨ ਦੀ ਸੂਚੀ ਵਾਂਗ?

ਅਫ਼ਸੀਆਂ 3: 14–21 ਕਹਿੰਦਾ ਹੈ:

> ਇਸ ਕਾਰਣ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ। ਇਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ। ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿਚ ਸਮਰੱਥਾ ਨਾਲ ਬਲਵੰਤ ਬਣੋ ਕਿ ਮਸੀਹ ਤੁਹਾਡਿਆਂ ਮਨਾਂ ਵਿਚ ਨਿਹਚਾ ਦੇ ਦੁਆਰਾ ਵੱਸੇ ਤਾਂ ਜੋ ਪ੍ਰੇਮ ਵਿਚ ਗੱਡ ਕੇ ਅਤੇ ਠੁੱਕ ਕੇ। ਤੁਸੀਂ ਸਾਡੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸਕੋ ਭਈ ਕਿੰਨੀ ਹੀ ਚੁੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ ਜਾਣ ਸਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ। ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ। ਕਲੀਸੀਆ ਵਿਚ ਅਤੇ ਮਸੀਹ ਯਿਸੂ ਵਿਚ ਸਾਰੀਆਂ ਪੀੜ੍ਹੀਆਂ ਤੀਕਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ।

ਇਸ ਦੁਆ ਦਾ ਗਹਿਰਾਈ ਨਾਲ ਅਧਿਐਨ ਕਰੋ। ਇਹ ਉਹ ਦੁਆ ਨਹੀਂ ਲਗਦੀ ਜੋ ਆਮ ਤੌਰ ਤੇ ਐਤਵਾਰ ਵਾਲੇ ਦਿਨ ਅਸੀਂ ਸੁਣਦੇ ਹਾਂ। ਪੌਲੁਸ ਖ਼ੁਦਾ ਨੂੰ ਜਾਣਦਾ, ਫ਼ੈਸਲਾਕੁਨ ਸੱਚਾਈਆਂ ਨੂੰ ਸਮਝਣਾ ਚਾਹੁੰਦਾ ਸੀ। ਉਸਨੇ (1) ਆਤਮਾ ਤੋਂ ਅੰਦਰੋਂ ਮਜਬੂਤ ਹੋਣ, (2) ਆਪਣੇ ਮਨਾਂ ਵਿਚ ਵਿਸ਼ਵਾਸ ਨਾਲ ਮਸੀਹ ਨੂੰ ਰੱਖਣ, (3) ਮਸੀਹ ਦੇ ਪ੍ਰੇਮ ਨੂੰ ਸਮਝਣ, ਅਤੇ (4) ਖ਼ੁਦਾ ਵਿਚ ਭਰਪੂਰ ਹੋਣ ਲਈ ਕਿਹਾ!

**“ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ।<br>ਮੈਨੂੰ ਯਕੀਨ ਨਾਲ ਦੁਆ ਕਰਨੀ ਸਿਖਾ ਦੇ।”**